# ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ਦੇ ਪ੍ਰਤਿਕਰਮ (ਏ ਬੀ ਆਰ) ਦਾ ਟੈਸਟ
# Auditory Brainstem Response (ABR) Test

BC Children's Hospital
An agency of the Provincial Health Services Authority

**Audiology and Speech Language Pathology Department**
Room K2-192, 4480 Oak St, Vancouver, BC, V6H 3V4
604-875-2112 • 1-888-300-3088, ext. 2112
Fax: 604-875-2743 • www.bcchildrens.ca

## ਤੁਹਾਡੇ ਬੱਚੇ ਲਈ ਨਿਸ਼ਚਤ ਸਮਾਂ
## Your baby's appointment

ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ਦੇ ਪ੍ਰਤਿਕਰਮ (ਏ ਬੀ ਆਰ) ਨੂੰ ਮਾਪਣ ਲਈ ਤੁਹਾਡੇ ਬੱਚੇ ਦੇ ਟੈਸਟ ਦਾ ਸਮਾਂ ਨਿਸ਼ਚਤ ਕੀਤਾ ਗਿਆ ਹੈ:

___________________________________

ਆਡੀਔਲੋਜੀ ਵਿਭਾਗ ਵਿਚ ਪਹੁੰਚਣ ਦਾ ਸਮਾਂ:

ਸਵੇਰੇ 9:00 ______________

ਦੁਪਹਿਰੇ 1:00 ______________

ਹੀਅਰਿੰਗ ਕਲਿਨਿਕ ਵਿਚ ਨਿਗਰਾਨੀ ਵਾਲਾ ਕੋਈ ਖੇਡਣ ਨੂੰ ਕਮਰਾ ਨਹੀਂ ਹੈ। ਜੇ ਤੁਹਾਨੂੰ ਆਪਣੇ ਦੂਜੇ ਬੱਚੇ ਲਿਆਉਣੇ ਪੈਂਦੇ ਹਨ ਤਾਂ ਕਿਰਪਾ ਕਰਕੇ ਉਹਨਾਂ ਦੀ ਦੇਖਭਾਲ ਲਈ ਕਿਸੇ ਹੋਰ ਨੂੰ ਨਾਲ ਲੈ ਕੇ ਆਉ।

## ਏ ਬੀ ਆਰ ਟੈਸਟ ਹੈ ਕੀ?
## What is an ABR test?



ਏ ਬੀ ਆਰ ਟੈਸਟ ਇਹ ਮਾਪਦਾ ਹੈ ਕਿ ਸੁਣਨ ਵਾਲੀ ਨਸ ਅਤੇ ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ‘ਤੇ ਆਵਾਜ਼ ਕਿਵੇਂ ਪ੍ਰਭਾਵ ਪਾਉਂਦੀ ਹੈ। ਇਸ ਨਾਲ ਸਾਨੂੰ ਪਤਾ ਲੱਗਦਾ ਹੈ ਕਿ ਤੁਹਾਡਾ ਬੱਚਾ ਕਿਵੇਂ ਸੁਣਦਾ ਹੈ।

ਏ ਬੀ ਆਰ ਟੈਸਟ ਤੁਹਾਡੇ ਬੱਚੇ ਦੇ ਸੁੱਤਿਆਂ ਕੀਤਾ ਜਾਂਦਾ ਹੈ। ਤੁਸੀਂ ਆਪਣੇ ਬੱਚੇ ਲਾਗੇ ਅਰਾਮ ਨਾਲ ਕੁਰਸੀ ਉਤੇ ਬੈਠੇ ਹੋਵੋਗੇ। ਰਿਕਾਰਡ ਕਰਨ ਵਾਲੇ ਦੋ ਸੂਚਕ ਤੁਹਾਡੇ ਬੱਚੇ ਦੇ ਮੱਥੇ ਉੱਤੇ ਅਤੇ ਇਕ-ਇਕ ਦੋਵੇਂ ਕੰਨਾਂ ਪਿੱਛੇ ਲਾਏ ਜਾਂਦੇ ਹਨ। ਤੁਹਾਡੇ ਬੱਚੇ ਦੇ ਕੰਨਾਂ ਵਿਚ ਲੱਗੇ ਛੋਟੇ ਸਪੀਕਰਾਂ ਵਿਚ ਆਵਾਜ਼ਾਂ ਕੱਢੀਆਂ ਜਾਂਦੀਆਂ ਹਨ ਅਤੇ ਰਿਕਾਰਡ ਕਰਦੇ ਸੂਚਕ ਉਸਦੇ ਪ੍ਰਭਾਵ ਨੂੰ ਮਿਣਦੇ ਹਨ। ਬਹੁਤੇ ਮਰੀਜ਼ਾਂ ਦੇ ਨਤੀਜੇ ਟੈਸਟ ਤੋਂ ਇਕਦਮ ਬਾਅਦ ਤੁਹਾਨੂੰ ਦੱਸ ਦਿੱਤੇ ਜਾਂਦੇ ਹਨ। ਏ ਬੀ ਆਰ ਟੈਸਟ ਬਿਲਕੁਲ ਸੁਰੱਖਿਅਤ ਹੈ ਅਤੇ ਤੁਹਾਡੇ ਬੱਚੇ ਨੂੰ ਕੋਈ ਤਕਲੀਫ਼ ਨਹੀਂ ਦਿੰਦਾ।

ਇਸ ਟੈਸਟ ਲਈ 3 ਘੰਟੇ ਦਾ ਸਮਾਂ ਨਿਸ਼ਚਤ ਕੀਤਾ ਜਾਂਦਾ ਹੈ। ਇਸ ਨਾਲ ਤੁਹਾਡੇ ਬੱਚੇ ਨੂੰ ਸੌਣ ਅਤੇ ਸਾਨੂੰ ਟੈਸਟ ਪੂਰਾ ਕਰਨ ਦਾ ਸਮਾਂ ਮਿਲ ਜਾਂਦਾ ਹੈ।

## ਮੈਂ ਤਿਆਰੀ ਲਈ ਕੀ ਕਰਾਂ?
## What can I do to prepare?

**ਕਿਰਪਾ ਕਰਕੇ ਆਪਣੇ ਬੱਚੇ ਨੂੰ ਨਿਸ਼ਚਤ ਸਮੇਂ ‘ਤੇ ਜਾਗਦਾ ਲੈ ਕੇ ਆਉ, ਪਰ ਉਹ ਥੱਕਿਆ ਅਤੇ ਸੌਣ ਲਈ ਤਿਆਰ ਹੋਵੇ। ਸਾਨੂੰ ਪਤਾ ਹੈ ਕਿ ਇਹ ਸੌਖਾ ਨਹੀਂ।** ਨਿਸ਼ਚਤ ਸਮੇਂ ‘ਤੇ ਸਾਨੂੰ ਤੁਹਾਡਾ ਬੱਚਾ ਜਾਗਦਾ ਚਾਹੀਦਾ ਹੈ, ਪਰ ਅਸੀਂ ਤੁਹਾਡੇ ਪਹੁੰਚਣ ਤੋਂ ਜਲਦੀ ਬਾਅਦ ਹੀ ਤੁਹਾਡੇ ਬੱਚੇ ਨੂੰ ਕਲੀਨਕ ਵਿਚ ਸਵਾਉਣ ਵਿਚ ਤੁਹਾਡੀ ਮਦਦ ਕਰਾਂਗੇ।

ਟੈਸਟ ਦੇ ਦੌਰਾਨ ਤੁਹਾਡੇ ਬੱਚੇ ਨੂੰ ਸੌਣ ਵਿਚ ਮਦਦ ਲਈ ਕੁਝ ਸੁਝਾਅ ਇਹ ਹਨ:

- ਟੈਸਟ ਤੋਂ ਘਟੋ-ਘੱਟ ਇਕ ਘੰਟਾ **ਪਹਿਲਾਂ** ਜਾਗਦਾ ਰੱਖੋ।
- ਬੱਚੇ ਨੂੰ ਖੁਵਾਉਣ ਵਿਚ ਨਿਸ਼ਚਤ ਸਮੇਂ ਤੋਂ ਤਕਰੀਬਨ ਡੇਢ ਘੰਟਾ **ਪਹਿਲਾਂ** ਤੱਕ ਦੇਰੀ ਕਰਨ ਦੀ ਕੋਸ਼ਿਸ਼ ਕਰੋ।
- ਖਾਸ ਕੰਬਲ ਜਾਂ ਅਜਿਹੀਆਂ ਚੀਜਾਂ ਨਾਲ ਲੈ ਆਉ ਜਿਸ ਨਾਲ ਤੁਹਾਡੇ ਬੱਚੇ ਨੂੰ ਨੀਂਦ ਆਉਣ ਵਿਚ ਮਦਦ ਮਿਲੇ।
- ਜੇ ਤੁਸੀਂ ਨਿਸ਼ਚਤ ਸਮੇਂ ‘ਤੇ ਗੱਡੀ ਚਲਾ ਕੇ ਆ ਰਹੇ ਹੋ, ਕਾਰ ਵਿਚ ਕੋਈ ਹੋਰ ਜਣਾ ਹੋਵੇ ਜੋ ਬੱਚੇ ਨਾਲ ਖੇਡ ਕੇ ਉਸਨੂੰ ਜਾਗਦਾ ਰੱਖੇ।
- ਤੁਸੀਂ ਆਪਣੇ ਬੱਚੇ ਨੂੰ ਸੌਣ ਵਿਚ ਮਦਦ ਲਈ ਟੈਸਟ ਸ਼ੁਰੂ ਹੁੰਦਿਆਂ ਹੀ ਖੁਵਾ ਵੀ ਸਕਦੇ ਹੋ।

## ਜੇਕਰ ਤੁਹਾਨੂੰ ਕੋਈ ਮਦਦ ਚਾਹੀਦੀ ਹੈ ਜਾਂ ਸਵਾਲ ਹੈ ਤਾਂ ਫੋਨ ਕਰੋ Call if you need help or have a question

ਜੇਕਰ ਤੁਹਾਡਾ ਕੋਈ ਸਵਾਲ ਜਾਂ ਫ਼ਿਕਰ ਹੈ, ਤਾਂ ਕਿਰਪਾ ਕਰਕੇ ਕਲਿਨਿਕ ਨੂੰ 604-875-2112 ਜਾਂ ਬੀ ਸੀ ਵਿਚ ਟੌਲ ਫ਼ਰੀ 1-888-300-3088 ਅਗਾਂਹ 2112 ‘ਤੇ ਫੋਨ ਕਰੋ।

*ਆਡੀਔਲੋਜੀ ਅਤੇ ਸਪੀਚ ਲੈਂਗੁਏਜ ਪੈਥੌਲੋਜੀ ਵਿਭਾਗ ਦੇ ਸਿਹਤ ਮਾਹਰਾਂ ਵਲੋਂ ਲਰਨਿੰਗ ਅਤੇ ਡਿਵੈਲਪਮੈਂਟ ਵਿਭਾਗ ਦੀ ਮਦਦ ਨਾਲ ਤਿਆਰ ਕੀਤਾ ਗਿਆ।*

**BCCH1659-P © 2016 BC Children’s Hospital** **Punjabi**